# ਅਣਿਆਈ ਲਈ ਤਿਆਰ ਰਹੋ - ਆਪਣੇ ਵਿੱਤਾਂ ਨੂੰ ਪ੍ਰਬੰਧਿਤ ਕਰੋ

ਜੇ ਤੁਸੀਂ ਜ਼ਖਮੀ ਜਾਂ ਅਸਮਰਥ ਹੋ ਜਾਂਦੇ ਹੋ, ਤਾਂ ਤੁਹਾਡੇ ਵਿੱਤੀ ਮਾਮਲਿਆਂ ਨੂੰ ਕ੍ਰਮਬੱਧ ਰੱਖਣਾ, ਛੋਟੇ ਜਾਂ ਲੰਮੇ ਸਮੇਂ ਲਈ ਤੁਹਾਡੇ ਵਿੱਤ ਦਾ ਪ੍ਰਬੰਧਨ ਕਰਨ ਵਿੱਚ ਸਹਾਇਤਾ ਕਰਨ ਵਾਲੇ ਤੁਹਾਡੇ ਕਿਸੀ ਭਰੋਸੇਯੋਗ ਵਿਅਕਤੀ ਲਈ ਸੌਖਾ ਬਣਾ ਦੇਵੇਗਾ। ਇੱਕ ਫਾਈਲ ਰੱਖੋ ਜਿਸ ਵਿੱਚ ਮਹੱਤਵਪੂਰਨ ਦਸਤਾਵੇਜ਼ ਅਤੇ ਜਾਣਕਾਰੀ ਸ਼ਾਮਲ ਹੋਵੇ।

---

### ਵਿੱਤੀ ਸੰਪਤੀ

- ਆਪਣੇ ਸਾਰੇ ਬੈਂਕ ਖਾਤਿਆਂ, ਨਿਵੇਸ਼ ਖਾਤਿਆਂ ਅਤੇ ਕ੍ਰੈਡਿਟ ਕਾਰਡਾਂ ਦੀ ਸੂਚੀ ਬਣਾਓ
- ਪਤੇ ਅਤੇ ਸੰਪਰਕ ਵਿਅਕਤੀ (ਆਂ) ਸ਼ਾਮਲ ਕਰੋ
- ਫਾਈਲ ਵਿੱਚ ਨਵੀਨਤਮ ਅਕਾਊਂਟ ਸਟੇਟਮੈਂਟ (ਟਾਂ) ਦੀ ਇੱਕ ਕਾਪੀ ਰੱਖੋ

### ਨਿਯਮਤ ਖਰਚੇ, ਭੁਗਤਾਨ ਅਤੇ ਕਰਜ਼ੇ

- ਸਾਰੇ ਨਿਯਮਤ ਬਿੱਲਾਂ (ਯੂਟਿਲਿਟਿਆਂ, ਬੀਮਾ ਪ੍ਰੀਮੀਅਮ, ਲਾਅਨ ਕੇਅਰ ਸੇਵਾਵਾਂ ਆਦਿ) ਅਤੇ ਭੁਗਤਾਨਾਂ ਦੀ ਬਾਰੰਬਾਰਤਾ ਦੀ ਸੂਚੀ ਰੱਖੋ
- ਸਵੈਚਲਿਤ ਕਟੌਤੀਆਂ/ਭੁਗਤਾਨਾਂ ਲਈ ਜਾਣਕਾਰੀ ਸ਼ਾਮਲ ਕਰੋ
- ਆਪਣੇ ਕਰਜ਼ਿਆਂ (ਜਿਵੇਂ ਕਿ ਕ੍ਰੈਡਿਟ ਕਾਰਡਾਂ, ਮੌਰਗੇਜ, ਲਾਈਨ ਔਫ ਕ੍ਰੈਡਿਟ ਜਾਂ ਲੋਨ) ਅਤੇ ਢੁਕਵੀਂ ਜਾਣਕਾਰੀ ਦੀ ਸੂਚੀ ਬਣਾਓ

### ਆਮਦਨੀ ਦੇ ਸਰੋਤ

- ਆਪਣੇ ਆਮਦਨੀ ਦੇ ਸਰੋਤਾਂ ਦੀ ਸੂਚੀ ਬਣਾਓ (ਸਾਲਨਾ (annuities), ਪੈਨਸ਼ਨਾਂ, ਸਰਕਾਰੀ ਲਾਭ, ਡਿਵੀਡੈਂਡ ਆਦਿ)
- ਦਸਤਾਵੇਜ਼ ਕਿੱਥੇ ਦਾਖਲ ਕੀਤੇ ਗਏ ਹਨ ਅਤੇ ਸੰਪਰਕ ਜਾਣਕਾਰੀ ਸ਼ਾਮਲ ਕਰੋ

### ਸੰਪਤੀ ਦੇ ਦਸਤਾਵੇਜ਼

- ਦਸਤਾਵੇਜ਼ਾਂ ਦੀ ਸੂਚੀ ਬਣਾਓ (ਵਸੀਅਤ, ਪਾਵਰ ਔਫ਼ ਅਟਾਰਨੀ ਆਦਿ) ਅਤੇ ਉਨ੍ਹਾਂ ਨੂੰ ਕਿੱਥੇ ਪ੍ਰਾਪਤ ਕਰਨਾ ਹੈ
- ਉਹਨਾਂ ਵਿਅਕਤੀਆਂ ਦੀ ਸੰਪਰਕ ਜਾਣਕਾਰੀ ਸ਼ਾਮਲ ਕਰੋ ਜਿਨ੍ਹਾਂ ਨੇ ਦਸਤਾਵੇਜ਼ ਤਿਆਰ ਕੀਤੇ ਸਨ ਜਾਂ ਜਿਹਨਾਂ ਦਾ ਅਟਾਰਨੀ ਜਾਂ ਐਗਜ਼ੀਕਿਊਟਰ ਵਜੋਂ ਨਾਮ ਦਿੱਤਾ ਗਿਆ ਸੀ

### ਹੋਰ ਦਸਤਾਵੇਜ਼ ਅਤੇ ਕੀਮਤੀ ਚੀਜ਼ਾਂ

- ਪੂਰਵ-ਯੋਜਨਾਬੰਦੀ ਪ੍ਰਬੰਧ ਅਤੇ ਸਮਝੌਤੇ
- ਬੀਮਾ ਪਾਲਿਸੀਆਂ - ਲਾਈਫ ਅਤੇ ਪ੍ਰਾਪਰਟੀ - ਪਾਲਿਸੀ ਨੰਬਰ ਅਤੇ ਸੰਪਰਕ ਜਾਣਕਾਰੀ
- ਨਿੱਜੀ ਦਸਤਾਵੇਜ਼ਾਂ ਦੀਆਂ ਕਾਪੀਆਂ ਜਿਵੇਂ ਪਾਸਪੋਰਟ, ਜਨਮ ਸਰਟੀਫਿਕੇਟ, ਵਿਆਹ/ਤਲਾਕ ਦਾ ਸਰਟੀਫਿਕੇਟ, ਤੁਹਾਡੇ ਘਰ ਦੀ ਡੀਡ ਆਦਿ
- ਕਿਸੇ ਵੀ ਕੀਮਤੀ ਚੀਜ਼ਾਂ ਜਿਵੇਂ ਕਿ ਕਲਾ ਜਾਂ ਗਹਿਣਿਆਂ ਲਈ ਮੁਲਾਂਕਣ ਅਤੇ ਉਹ ਕਿੱਥੇ ਸਥਿਤ ਹਨ
- ਸੇਫ਼ਟੀ ਡਿਪੌਜ਼ਿਟ ਬੌਕਸ ਦਾ ਸਥਾਨ ਅਤੇ ਚਾਬੀ ਨੂੰ ਕਿੱਥੇ ਲੱਭਣਾ ਹੈ

### ਇਲੈਕਟ੍ਰਾਨਿਕ ਡਿਵਾਈਸਾਂ ਅਤੇ ਔਨਲਾਈਨ ਖਾਤੇ

- ਇਲੈਕਟ੍ਰਾਨਿਕ ਡਿਵਾਈਸਾਂ ਅਤੇ ਪਾਸਵਰਡਾਂ ਦੀ ਸੂਚੀ
- ਸੋਸ਼ਲ ਮੀਡੀਆ ਖਾਤਿਆਂ ਅਤੇ ਪਾਸਵਰਡਾਂ ਸਮੇਤ ਔਨਲਾਈਨ ਖਾਤਿਆਂ ਦੀ ਸੂਚੀ

**GetSmarterAboutMoney.ca ‘ਤੇ ਹੋਰ ਜਾਣੋ**

---

**Ontario Securities Commission**
20 Queen St. W., 22nd Floor, Toronto, Ontario M5H 3S8
**Tel:** 1-877-785-1555 **Email:** inquiries@osc.gov.on.ca